# ਐੱਮ.ਏ.ਪੰਜਾਬੀ-1

## ਸਾਹਿਤ ਸਿੱਧਾਂਤ ਅਤੇ ਭਾਰਤੀ ਕਾਵਿ ਸ਼ਾਸਤਰ

# ਰੂਸੀ ਰੂਪਵਾਦ

- ਰੂਸੀ ਰੂਪਵਾਦ ਪ੍ਰਣਾਲੀ ਦਾ ਵਿਕਾਸ ਰੂਸ ਵਿਚ ਵੀਹਵੀਂ ਸਦੀ ਦੇ ਦੂਸਰੇ ਦਹਾਕੇ ਵਿਚ ਹੋਇਆ ਅਤੇ ਤੀਸਰੇ ਦਹਾਕੇ ਦੇ ਅੰਤ ਯਾਨੀ 1930 ਈ.ਦੇ ਆਸਪਾਸ ਦਬਾ ਦਿੱਤਾ ਗਿਆ। ਸਤਾਲਨਵਾਦੀਆਂ ਅਤੇ ਸਮਾਜਵਾਦੀ-ਮਾਰਕਸਵਾਦੀ ਵਿਚਾਰਧਾਰਾ ਪ੍ਰਤਿ ਪ੍ਰਤਿਬੱਧ ਲੋਕਾਂ ਨੇ ਇਸ ਧਾਰਾ ਨਾਲ ਜੁੜੇ ਚਿੰਤਕਾਂ ਨੂੰ ਕਾਨੂੰਨਨ ਦਬਾ ਦਿੱਤਾ।

# ਮੁੱਖ ਕੇਂਦਰ

- ਰੂਸੀ ਰੂਪਵਾਦ ਸਿੱਧਾਂਤ ਦੇ ਦੋ ਮੁੱਖ ਕੇਂਦਰ ਸਨ:
- ਮਾਸਕੋ
- ਸੇਂਟ ਪੀਟਰਜ਼ ਬਰਗ

# ਸੰਸਥਾਪਕ

- ਰੋਮਨ ਜੈਕਬਸਨ ਨੇ 1915 ਈ.ਵਿਚ ਮਾਸਕੋ ਵਿਚ ਭਾਸ਼ਾ ਸਰਕਲ ਰਾਹੀਂ ਇਸ ਦੀ ਨੀਂਹ ਰੱਖ ਦਿੱਤੀ ਸੀ ਅਤੇ ਸੇਂਟ ਪੀਟਰਜ਼ ਬਰਗ ਗਰੁੱਪ ਨੇ 1916 ਈ.ਵਿਚ **OPOJAZ**(The Society for The Study of Poetic Language) ਦਾ ਆਰੰਭ ਕੀਤਾ।

# ਪੱਛਮ ਦੇ ਚਿੰਤਕ

- 1- ਰੋਮਨ ਜੈਕਬਸਨ
- 2.ਵਿਕਟਰ ਸ਼ਕਲੋਵਸਕੀ
- 3.ਬੋਰਿਸ ਈਖਨਬਾਮ
- 4.ਬੋਰਿਸ ਤਮਾਸ਼ੇਵਸਕੀ

# ਰੂਸੀ ਰੂਪਵਾਦ ਦੇ ਸਿੱਧਾਂਤ

- ਅਧਿਐਨ-ਕਾਰਜ ਸਮੇਂ ਰਚਨਾ ਨੂੰ ਸਮਾਜ,ਲੇਖਕ ਤੇ ਪਾਠਕ ਦੇ ਸਰੋਕਾਰਾਂ ਤੋਂ ਵਿਯੋਗ ਕੇ ਉਸਦੇ ਆਪਣੇ ਵਜੂਦ ਉਪਰ ਧਿਆਨ ਕੇਂਦਰਿਤ ਹੋਏ ਉਸ ਵਿਚੋਂ ਤਨਾਉ,ਵਿਰੋਧਭਾਸ,ਬਹੁਅਰਥਤਾ,ਵਿਡੰਬਣਾ,ਅਜਨਬੀਕਰਨ ਅਤੇ ਮੋਟਿਫ਼ਾਂ ਆਦਿ ਦੀ ਪਛਾਣ ਆਰੰਭ ਹੋਈ। ਇਸ ਦਾ ਕੇਂਦਰੀ ਮਕਸਦ ਕਾਵਿ ਦੀ ਕਾਵਿਕਤਾ ਨੂੰ ਪਰਿਭਾਸ਼ਤ ਕਰਨ ਅਤੇ ਬਿਰਤਾਂਤਕ ਰਚਨਾਵਾਂ ਦੇ ਸ਼ਾਸਟਰ ਦੀ ਉਸਾਰੀ ਦਾ ਸੀ।

# ਪਛਾਣ ਚਿੰਨ੍ਹ

- 1. ਸਾਹਿਤ ਦੀ ਸਾਹਿਤਕਤਾ ਦੀ ਪਛਾਣ।
- 2. ਲੇਖਕ,ਪਾਠਕ ਤੇ ਸਮਾਜ ਆਦਿ ਤੋਂ ਸਾਹਿਤ ਅਧਿਐਨ ਲਈ ਪ੍ਰਾਪਤ ਹੁੰਦੀ ਸਹਾਇਤਾ ਤੋਂ ਇਨਕਾਰ।
- 3. ਦਰਸ਼ਨ,ਰਾਜਨੀਤੀ,ਰਾਜਨੀਤਕ ਆਰਥਿਕਤਾ,ਸਮਾਜ ਵਿਗਿਆਨ,ਮਨੋਵਿਗਿਆਨ ਅਤੇ ਇਤਿਹਾਸ ਆਦਿ ਵਰਗੇ ਅਨੁਸ਼ਾਸਨਾਂ ਦੀ ਸਮਝ ਨੂੰ ਸਾਹਿਤ ਅਧਿਐਨ ਲਈ ਵਰਤਣ ਤੋਂ ਕਿਨਾਰਾਕਸ਼ੀ ਅਤੇ ਕਿਸੇ ਰਚਨਾ ‘ਚ ਵਿਸ਼ਵ ਦ੍ਰਿਸ਼ਟੀਕੋਣ ਨਾਲ ਮਸਲਿਆਂ ਨੂੰ ਨਾ ਫ਼ਰੋਲਣਾ ।

# ਕਲਾ,ਕਲਾ ਲਈ ਹੈ

- ਰੂਸੀ ਰੂਪਵਾਦ 'ਕਲਾ,ਕਲਾ ਲਈ ਹੈ'ਦੇ ਸਿੱਧਾਂਤ ਤੇ ਆਧਾਰਿਤ ਹੈ।ਇਹ ਵਸਤੂ ਨਾਲੋਂ ਰੂਪ ਨੂੰ ਮਹੱਤਵਪੂਣ ਸਮਝਦੇ ਹਨ।

# ਅਜਨਬੀਕਰਣ

- ਆਪਣੇ ਤੋਂ ਪੂਰਵਲੇ ਚਿੰਤਕਾਂ ਦੇ ਉਲਟ ਇਨ੍ਹਾਂ ਵਸਤੂ ਤੇ ਰੂਪ ਦੀ ਦਵੈਤ ਨੂੰ ਰੱਦ ਕਰਕੇ ਰੂਪ ਦਾ ਨਵਾਂ ਸੰਕਲਪ ਪ੍ਰਸਤੁਤ ਕੀਤਾ। ਸਾਹਿਤ ਕਲਾ ਦੀ ਵਿਲੱਖਣਤਾ ਤੇ ਅਦੁੱਤੀ ਸਰੂਪ ਨੂੰ ਉਭਾਰਣ ਲਈ ਇਨ੍ਹਾਂ **ਅਜਨਬੀਕਰਣ ਦਾ** ਸਿੱਧਾਂਤ ਪ੍ਰਸਤੁਤ ਕੀਤਾ।

# ਵਿਕਟਰ ਸ਼ਕਲੋਵਸਕੀ

ਸਾਹਿਤ ਪਾਠ ਵਿਚ ਕਾਰਜ਼ਸ਼ੀਲ ਸ਼ੈਲੀ-ਮੂਲਕ ਜੁਗਤਾਂ ਨੂੰ ਹੀ ਸਾਹਿਤ ਦਾ ਨਾਂ ਦਿੱਤਾ।ਰੂਸੀ ਰੂਪਵਾਦ ਦੇ ਮੁੱਢਲੇ ਵਰ੍ਹਿਆਂ ਵਿਚ ਇਸ ਉਪਰ ਸ਼ਕਲੋਵਸਕੀ ਦੇ ਵਿਚਾਰ ਹੀ ਹਾਵੀ ਰਹੇ।

# ਬਿਰਤਾਂਤ ਸ਼ਾਸਤਰ ਨੂੰ ਦੇਣ

- **ਫੇਬਲਾ**: ਇਨ੍ਹਾਂ ਨੇ ਘਟਨਾਵਾਂ ਦੀ ਕਾਲਕ੍ਰਮਕ ਤਰਤੀਬ ਨੂੰ ਫੇਬਲਾ (The Story) ਕਿਹਾ ਜਾਂਦਾ ਹੈ।
- **ਸੁਜੇਤ**: ਬਿਰਤਾਂਤ ਵਿਚ ਇਨ੍ਹਾਂ ਦੀ ਵਰਤੋਂ ਅਤੇ ਤਰਤੀਬ ਨੂੰ ਸੁਜੇਤ ਦਾ ਨਾਂ ਦਿੰਦੇ ਹੋਏ ਇਨ੍ਹਾਂ ਦਾ ਪਰਸਪਰ ਨਿਖੇੜਾ ਪ੍ਰਸਤੁਤ ਕੀਤਾ।

# ਮੋਟਿਫ਼

ਪਲਾਟ ਦੀ ਛੋਟੀ ਤੋਂ ਛੋਟੀ ਇਕਾਈ ਨੂੰ ਦਰਸਾਉਣ ਲਈ ਬੋਰਿਸ ਤੋਮਾਸ਼ੇਵਸਕੀ ਨੇ ਮੋਟਿਫ਼(Motif) ਸੰਕਲਪ ਦੀ ਘਾੜਤ ਕੀਤੀ ਅਤੇ ਨਾਲ ਹੀ ਖੁਲ੍ਹੇ ਅਤੇ ਬੰਦ ਮੋਟਿਫ਼ਾਂ ਦਾ ਅੰਤਰ ਵੀ ਸਪੱਸ਼ਟ ਕੀਤਾ।

1. ਗਤੀਸ਼ੀਲ ਮੋਟਿਫ਼ (ਪਰਿਵਰਤਨਸ਼ੀਲ)
2. ਗਤੀਹੀਣ ਮੋਟਿਫ਼ (ਪਰਿਵਰਤਨ ਨਹੀਂ ਲਿਆਉਦੇ)

# ਥੀਮ ਦਾ ਸੰਕਲਪ

- ਰੂਸੀ ਰੂਪਵਾਦ ਨੇ ਥੀਮ ਦੇ ਸੰਕਲਪ ਨੂੰ ਨਵੇਂ ਅਰਥਾ 'ਚ ਵਰਤਿਆ ਹੈ।ਇਹ ਸੂਤਰਕ ਇਕਾਈ ਹੈ,ਜੋ ਰਚਨਾ ਨੂੰ ਇਕਸਾਰਤਾ ਦੇਂਦੀ,ਰਚਨਾ ਵਿਚ ਆਦਿ ਤੋਂ ਅਮਤ ਤੱਕ ਸਮਾਇਆ ਹੁੰਦਾ ਹੈ।ਇਹ ਕਰਤਾ/ਕਲਾਕਾਰ/ਪਾਠਕ ਦੀ ਮਾਨਸਿਕਤਾ ਦੀ ਹੋਂਦ ਟਿਕੀ ਹੁੰਦੀ ਹੈ।
- 1- ਸਮਕਾਲੀ ਥੀਮ
- 2- ਸਰਬਕਾਲੀ ਥੀਮ

# ਪੰਜਾਬੀ ਰੂਪਵਾਦੀ ਚਿੰਤਕ

- 1- ਵੀਹਵੀਂ ਸਦੀ ਦੇ ਅੱਠਵੇਂ ਦਹਾਕੇ ਦੇ ਆਰੰਭ ਵਿਚ ਪੰਜਾਬੀ ਸਾਹਿਤ ਚਿੰਤਨ,ਆਲੋਚਨਾ ਦੇ ਸਰੋਕਾਰਾਂ ਵਿਚ ਬੁਨਿਆਦੀ ਤਬਦੀਲੀ ਵਾਪਰਦੀ ਹੈ।
- **ਡਾ. ਹਰਿਭਜਨ ਸਿੰਘ : "ਦਿੱਲੀ ਸਕੂਲ ਦੀ ਆਲੋਚਨਾ"**
- ਦੀ ਸ਼ੁਰੂਆਤ **ਕੀਤੀ।ਅਧਿਅਨ ਤੇ ਅਧਿਆਪਨ,ਮੁਲ ਤੇ ਮੁਲੰਕਣ,ਸਾਹਿਤ ਸ਼ਾਸਤਰ,ਸਾਹਿਤ ਤੇ ਸਿੱਧਾਂਤ,ਪਾਰਗਾਮੀ,ਰਚਨਾ ਸੰਰਚਨਾ,ਰੂਪਕੀ,ਸਾਹਿਤ ਵਿਗਿਆਨ,ਸਿਸਟਮੀ,ਸਹਿਤ ਅਧਿਐਨ,ਪਤਰਾਂਜਲੀ** ਆਦਿ।

# ਹੋਰ ਪੰਜਾਬੀ ਚਿੰਤਕ

- 2- ਡਾ.ਤਰਲੋਕ ਸਿੰਘ ਕੰਵਰ
- 3- ਡਾ. ਆਤਮਜੀਤ ਸਿੰਘ
- 4- ਡਾ. ਸੁਤਿੰਦਰ ਸਿੰਘ ਨੂਰ
- 5-ਡਾ. ਜਗਬੀਰ ਸਿੰਘ
- 6- ਡਾ.ਗੁਰਚਰਨ ਸਿੰਘ
- 7- ਡਾ.ਮਹਿੰਦਰ ਕੌਰ ਗਿੱਲ ਆਦਿ ਚਿੰਤਕਾ ਦੇ ਯਤਨਾਂ ਨਾਲ ਸਾਹਿਤ ਰਚਨਾਵਾਂ ਦੇ ਵਿਲੱਖਣ ਸੁਹਜ ਨੂੰ ਪਛਾਨਣ ਵਾਲੀ ਸਮੀਖਿਆ ਬਹੁਤ ਵਧੀ।